# ਜਨਤਾ ਦੇ ਹੀਰੋ

ਜਨਤਾ ਦੇ ਹੀਰੋ ਹੁੰਦੇ
ਹਾਕਮ ਲਈ ਬਾਗੀ ਜਿਹੜੇ
ਅਮਰ ਹੋ ਜਾਂਦੇ ਮਾਪੇ
ਜੰਮਦੇ ਜਿਹਨਾਂ ਦੇ ਵੇਹੜੇ

ਜਨਤਾ ਦੀਆਂ ਖੁਸ਼ੀਆਂ ਦੇ ਲਈ
ਜਿਹਨਾਂ ਨੇ ਦੁੱਖ ਸਹੇੜੇ
ਲੋਕਾਂ ਦੇ ਚੇਹਰੇ ਉੱਤੇ
ਲੈ ਕੇ ਆਓਂਦੇ ਉਹ ਖ਼ੇੜੇ

ਹੱਥਾਂ ਵਿਚ ਹੱਥ ਕੜੀਆਂ ਤੇ
ਪੈਰਾਂ ਵਿਚ ਪੈਂਦੇ ਬੇੜੇ
ਯਾਰ ਨਾਂ ਦੋਸਤ ਕੋਈ
ਲੱਗਦੇ ਉਹਨਾਂ ਦੇ ਨੇੜੇ

ਸੁਕੀ ਹੋਈ ਰੋਟੀ ਖਾ ਕੇ
ਚੱਕੀ ਨੂੰ ਦੇਵਣ ਗੇੜੇ
ਕਿਧਰੇ ਪਏ ਮੁੰਜ ਨੂੰ ਕੁੱਟਦੇ
ਬਹੇ ਕੇ ਜੇਲਰ ਦੇ ਵੇਹੜੇ

ਫਾਂਸੀ ਦਾ ਰੱਸਾ ਚੁਮ ਕੇ
ਪਹੁੰਚੇ ਮੰਜ਼ਲ ਦੇ ਨੇੜੇ
ਜਨਤਾ ਦੀਆਂ ਖੁਸ਼ੀਆਂ ਦੇ ਲਈ
ਜਿਹਨਾਂ ਨੇ ਦੁੱਖ ਸਹੇੜੇ

ਲੋਟੂ ਹੁਣ ਮੋਹਰੀ ਹੋ ਗਏ
ਗੋਰੇ ਦੇ ਪਿੱਠੂ ਜਿਹੜੇ
ਜਿਹਨਾਂ ਨੇ ਲਈ ਆਜ਼ਾਦੀ
ਹੋ ਗਏ ਉਹ ਕੌਣ ਤੇ ਕਿਹੜੇ

ਉਹਨਾਂ ਦੇ ਪੂਰਨਿਆਂ ਦੀ
ਹੁਣ ਤਾਂ ਕੋਈ ਗੱਲ ਨਹੀਂ ਕਰਦਾ
ਉਹਨਾਂ ਦੀ ਸੋਚ ਦੇ ਉੱਤੇ
ਪਹਿਰਾ ਨਾਂ ਕੋਈ ਧਰਦਾ

ਮੇਰੇ ਵਰਗਾ ਕੋਈ ਬੰਦਾ
ਥੋੜਾ ਜਿਹਾ ਉਦਮ ਕਰਦਾ
"ਸਾਨੂੰ ਵੀ ਲੈ ਕੇ ਡੁੱਬੂ
ਹਰੀ ਚੰਦ ਮਰਦਾ ਮਰਦਾ "

ਜਨਤਾ ਦੇ ਹੀਰੋ ਹੁੰਦੇ
ਹਾਕਮ ਲਈ ਬਾਗੀ ਜਿਹੜੇ
ਅਮਰ ਹੋ ਜਾਂਦੇ ਮਾਪੇ
ਜੰਮਦੇ ਜਿਹਨਾਂ ਦੇ ਵੇਹੜੇ